# ਅਕਸਰ ਪੁੱਛੇ ਜਾਣ ਵਾਲੇ ਸਵਾਲ

April 2024

# ਪ੍ਰਿੰਸ ਐਡਵਰਡ ਆਈਲੈਂਡ ਵਿੱਚ ਡਬਲਿਊ ਸੀ ਬੀ ਦੀ ਕਵਰੇਜ

### ਡਬਲਿਊ ਸੀ ਬੀ ਦੀ ਕਵਰੇਜ ਕੀ ਹੈ?

ਜੇ ਕੰਮ ਨਾਲ ਸੰਬੰਧਿਤ ਸੱਟ ਜਾਂ ਬੀਮਾਰੀ ਲੱਗ ਜਾਵੇ ਤਾਂ ਆਪਣੇ ਨੋ-ਫਾਲਟ ਇੰਸ਼ੋਰੈਂਸ ਸਿਸਟਮ ਰਾਹੀਂ ਡਬਲਿਊ ਸੀ ਬੀ ਕੰਮ-ਮਾਲਕਾਂ ਦੀ ਸੁਰੱਖਿਆ ਕਰਦੀ ਹੈ ਅਤੇ ਵਰਕਰਾਂ ਦਾ ਸਮਰਥਨ ਕਰਦੀ ਹੈ।

### ਇਕ ਕੰਮ-ਮਾਲਕ ਵਜੋਂ, ਕੀ ਮੇਰੀ ਲਈ ਡਬਲਿਊ ਸੀ ਬੀ ਦੀ ਕਵਰੇਜ ਜ਼ਰੂਰੀ ਹੈ?

ਪ੍ਰਿੰਸ ਐਡਵਰਡ ਆਈਲੈਂਡ ਵਿੱਚ ਕਾਰੋਬਾਰ ਕਰਨ ਵਾਲੇ ਉਹਨਾਂ ਸਾਰੇ ਕੰਮ-ਮਾਲਕਾਂ ਲਈ ਵਰਕਰਜ਼ ਕੰਪਨੇਸ਼ਨ ਦੀ ਕਵਰੇਜ ਲੈਣੀ ਜ਼ਰੂਰੀ ਹੈ ਜਿਹਨਾਂ ਕੋਲ ਇਕ ਜਾਂ ਵੱਧ ਵਰਕਰ ਕੰਮ ਕਰਦੇ ਹਨ, ਜੇ ਉਹ ਉਸ ਇੰਡਸਟਰੀ ਵਿੱਚ ਨਾ ਹੋਣ ਜੋ ਵਰਕਰਜ਼ ਕੰਪਨੇਸ਼ਨ ਐਕਟ ਅਧੀਨ ਨਹੀਂ ਆਉਂਦੀ।
ਡਬਲਿਊ ਸੀ ਬੀ ਦੀ ਇਹ ਕਵਰੇਜ ਤੁਹਾਡੇ ਸਾਰੇ ਵਰਕਰਾਂ ਲਈ ਹੈ, ਜਿਹਨਾਂ ਵਿੱਚ ਟੈਂਪਰੇਰੀ, ਪਾਰਟ-ਟਾਈਮ, ਸੀਜ਼ਨਲ ਵਰਕਰ ਜਾਂ ਤੁਹਾਡੀ ਪੇਅਰੋਲ `ਤੇ ਹੋਣ ਵਾਲੇ ਤੁਹਾਡੇ ਪਰਿਵਾਰ ਦੇ ਮੈਂਬਰ ਸ਼ਾਮਲ ਹਨ।
ਜੇ ਤੁਸੀਂ ਮਾਲਕ ਹੋ, ਵਿਅਕਤੀਗਤ ਉਪਰੇਟਰ ਹੋ, ਕਿਸੇ ਕਾਰਪੋਰੇਸ਼ਨ ਦੇ ਕੋਈ ਐਗਜ਼ੈਕਟਿਵ ਅਫਸਰ ਹੋ ਜਾਂ ਕਿਸੇ ਬਿਜ਼ਨਿਸ ਦੇ ਡਾਇਰੈਕਟਰ ਹੋ ਤਾਂ ਤੁਸੀਂ ਆਪਣੇ ਆਪ ਹੀ (ਆਟੋਮੈਟਿਕਲੀ) ਕਵਰੇਜ ਅਧੀਨ ਨਹੀਂ ਆਉਂਦੇ।
ਜੇ ਇਹ ਕੇਸ ਹੈ, ਤਾਂ ਤੁਸੀਂ ਡਬਲਿਊ ਸੀ ਬੀ ਦੀ ਪਰਸਨਲ ਕਵਰੇਜ (ਨਿੱਜੀ ਕਵਰੇਜ) ਖ੍ਰੀਦ ਸਕਦੇ ਹੋ।

### ਇਕ ਕੰਮ-ਮਾਲਕ ਵਜੋਂ ਵਰਕਰਜ਼ ਕੰਪਨੇਸ਼ਨ ਮੇਰੇ ਲਈ ਕਿਸ ਤਰ੍ਹਾਂ ਫਾਇਦੇਮੰਦ ਹੈ?

- ਤੁਹਾਡੇ ਵਰਕਰਾਂ ਨੂੰ ਕੰਮ ਵਾਲੀ ਥਾਂ `ਤੇ ਲੱਗੀ ਸੱਟ ਤੋਂ ਰਾਜ਼ੀ ਹੋਣ ਲਈ ਭੱਤੇ (ਬੈਨੇਫਿਟਸ) ਅਤੇ ਸੇਵਾਵਾਂ ਮਿਲਦੀਆਂ ਹਨ।
- ਇਹ ਕੰਮ-ਮਾਲਕਾਂ, ਵਰਕਰਾਂ ਅਤੇ ਡਬਲਿਊ ਸੀ ਬੀ ਅਧੀਨ ਕਵਰ ਹੋਰ ਲੋਕਾਂ ਦੀ ਕੰਮ-ਨਾਲ ਸੰਬੰਧਿਤ ਸੱਟਾਂ ਨਾਲ ਸੰਬੰਧਿਤ ਮੁਕੱਦਮਿਆਂ ਤੋਂ ਸੁਰੱਖਿਆ ਪ੍ਰਦਾਨ ਕਰਦੀ ਹੈ।

### ਮੈਂ ਰਜਿਸਟਰ ਕਿਵੇਂ ਹੋਵਾਂ?

ਤੁਸੀਂ **wcb.pe.ca**`ਤੇ ਡਬਲਿਊ ਸੀ ਬੀ ਦੀ ਸੁਰੱਖਿਅਤ ਆਨਲਾਈਨ ਸਰਵਿਸਜ਼ ਪੋਰਟਲ ਰਾਹੀਂ ਇਮਪਲੌਇਰ ਰਜਿਸਟ੍ਰੇਸ਼ਨ ਫਾਰਮ ਭਰ ਕੇ ਰਜਿਸਟਰ ਹੋ ਸਕਦੇ ਹੋ। ਤੁਸੀਂ ਡਬਲਿਊ ਸੀ ਬੀ ਦੇ ਵੈੱਬਸਾਈਟ ਤੋਂ ਉਪਲਬਧ ਫਾਰਮ ਦੀ ਹਾਰਡ ਕਾਪੀ ਭਰ ਕੇ ਵੀ ਰਜਿਸਟਰ ਹੋ ਸਕਦੇ ਹੋ। ਇਹ ਫਾਰਮ ਡਬਲਿਊ ਸੀ ਬੀ ਦੇ ਦਫਤਰ ਵਿਖੇ ਆਪ ਆ ਕੇ ਦਿੱਤਾ ਜਾ ਸਕਦਾ ਹੈ,ਡਾਕ ਰਾਹੀਂ ਜਾਂ ਈਮੇਲ ਰਾਹੀਂ ਭੇਜਿਆ ਜਾ ਸਕਦਾ ਹੈ ਜਾਂ ਫੈਕਸ ਕੀਤਾ ਜਾ ਸਕਦਾ ਹੈ:

**Workers Compensation Board of PEI**
14 Weymouth Street
PO Box 757
Charlottetown PE C1A 7L7
**Fax:** 902-368-5705
**Email:** safetymatters@wcb.pe.ca

### ਰਜਿਸਟ੍ਰੇਸ਼ਨ ਨੂੰ ਰਿਨੀਊ ਕਰਨਾ

ਤੁਹਾਡੇ ਲਈ ਹਰ ਸਾਲ 28 ਫਰਵਰੀ ਤੱਕ ਡਬਲਿਊ ਸੀ ਬੀ ਦੀ ਰਜਿਸਟ੍ਰੇਸ਼ਨ ਨੂੰ ਰਿਨਿਊ ਕਰਨਾ ਜ਼ਰੂਰੀ ਹੈ। ਰਿਨੀਊ ਕਰ ਸਮੇਂ ਤੁਹਾਡੇ ਲਈ ਪਿਛਲੇ ਸਾਲ ਦੀ ਅਸਲੀ ਪੇਅ-ਰੋਲ ਅਤੇ ਮੌਜੂਦਾ ਸਾਲ ਦੀ ਅੰਦਾਜ਼ਨ ਪੇਅ-ਰੋਲ ਬਾਰੇ ਰਿਪੋਰਟ ਕਰਨਾ ਜ਼ਰੂਰੀ ਹੈ। ਆਪਣੀ ਪੇਅ-ਰੋਲ ਦੀ ਅਸਲੀ ਅਤੇ ਅੰਦਾਜ਼ਨ ਗਿਣਤੀ ਦਾ ਹਿਸਾਬ ਲਾਉਣ ਸਮੇਂ ਜਨਵਰੀ 1 ਤੋਂ ਦਸੰਬਰ 31 ਤੱਕ ਦਾ ਕੈਲੰਡਰ ਸਾਲ ਵਰਤੋ।

### ਮੇਰੇ ਪ੍ਰੀਮੀਅਮ ਕਿਸ ਲਈ ਵਰਤੇ ਜਾਂਦੇ ਹਨ?

ਕੰਮ-ਮਾਲਕਾਂ ਵਲੋਂ ਦਿੱਤੇ ਪ੍ਰੀਮੀਅਮ ਇਕ ਐਕਸੀਡੈਂਟ ਫੰਡ ਵਿੱਚ ਜ਼ਮ੍ਹਾਂ ਕੀਤੇ ਜਾਂਦੇ ਹਨ, ਜਿਸ ਦੀ ਵਰਤੋਂ ਜ਼ਖਮੀ ਵਰਕਰਾਂ ਨੂੰ ਭੱਤੇ ਦੇਣ ਅਤੇ ਡਬਲਿਊ ਸੀ ਬੀ ਦੀਆਂ ਰੋਕਥਾਮ ਕਰਨ, ਸਿੱਖਿਅਤ ਕਰਨ ਅਤੇ ਪ੍ਰਬੰਧਕੀ ਸਰਗਰਮੀਆਂ ਦਾ ਸਮਰਥਨ ਕਰਨ ਲਈ ਕੀਤੀ ਜਾਂਦੀ ਹੈ।

### ਪੇਅਮੈਂਟ ਦੇਣ ਦੀਆਂ ਮੇਰੀਆਂ ਕੀ ਚੋਣਾਂ ਹਨ?

ਤੁਸੀਂ ਆਪਣੀ ਅਸੈੱਸਮੈਂਟ ਸਾਲਾਨਾ, ਛਿਮਾਹੀ ਜਾਂ ਹਰ ਮਹੀਨੇ ਦੇ ਸਕਦੇ ਹੋ। ਵਿਸਥਾਰ **wcb.pe.ca** `ਤੇ ਉਪਲਬਧ ਹੈ।

## ਹੋਰ ਜਾਣਕਾਰੀ ਲਈ

ਜੇਕਰ ਤੁਹਾਡੇ ਕੋਈ ਸਵਾਲ ਹਨ ਜੋ ਇੱਥੇ ਕਵਰ ਨਹੀਂ ਕੀਤੇ ਗਏ ਹਨ ਜਾਂ ਤੁਹਾਨੂੰ ਹੋਰ ਜਾਣਕਾਰੀ ਦੀ ਲੋੜ ਹੈ, ਤਾਂ ਤੁਸੀਂ ਸਾਡੇ ਨਾਲ **902-368-5680** 'ਤੇ ਫ਼ੋਨ ਕਰਕੇ ਜਾਂ ਐਟਲਾਂਟਿਕ ਕੈਨੇਡਾ ਵਿੱਚ **1-800-237-5049** 'ਤੇ ਟੋਲ-ਫ੍ਰੀ ਪਹੁੰਚ ਸਕਦੇ ਹੋ। ਤੁਸੀਂ ਸਾਨੂੰ **safematters@wcb.pe.ca** 'ਤੇ ਈਮੇਲ ਰਾਹੀਂ ਵੀ ਪਹੁੰਚ ਸਕਦੇ ਹੋ। ਤੁਸੀਂ ਸਾਡੀ ਵੈੱਬਸਾਈਟ **wcb.pe.ca** 'ਤੇ ਵੀ ਜਾ ਸਕਦੇ ਹੋ।



Safety Matters @Work
Workers Compensation Board of PEI